بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 07.05.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਮਹਾਨ ਮਰਤਬਾ ਰਖੱਣ ਵਾਲੇ ਖ਼ਲੀਫ਼ਾ ਰਾਸ਼ਿਦ ਫ਼ਾਰੂਕ ਹਜ਼ਰਤ ਉਮਰ ਬਿਨ ਖ਼ਤਾਬ ਰਜ਼ੀ ਅਲੱਹੁ ਅਨਹੁ ਦੇ ਸਦਗੁਣਾ ਦਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 7 ਮਈ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشۡهَدُ أَنۡ لَا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بعد فاعوذ باللّٰه من الشيطٰن الرجيم۔

بِسۡمِ اللّٰهِ الرَّحۡمٰنِ الرَّحِيۡمِ۔ اَلۡحَمۡدُ لِلّٰهِ رَبِّ الۡعَالَمِيۡنَ۔ الرَّحۡمٰنِ الرَّحِيۡمِ۔ مَالِكِ يَوۡمِ الدِّيۡنِ۔ إِيَّاكَ نَعۡبُدُ وَإِيَّاكَ نَسۡتَعِيۡنُ۔ اِهۡدِنَا الصِّرَاطَ الۡمُسۡتَقِيۡمَ۔ صِرَاطَ الَّذِيۡنَ أَنۡعَمۡتَ عَلَيۡهِمۡ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਰਤ ਉਮਰ ਰਜ਼ੀ ਅਲੱਹੁ ਅਨਹੁ ਦੇ ਇਸਲਾਮ ਕੁਬੂਲ ਕਰਨ ਦਾ ਜ਼ਿਕਰ ਹੋ ਰਿਹਾ ਸੀ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਹੁ ਅਨਹੁ ਇਸ ਬਾਰੇ ਫ਼ਰਮਾਉਂਦੇ ਹਨ ਕਿ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਇਸਲਾਮ ਦੀ ਨਿਰੰਤਰ ਵਿਰੋਧਤਾ ਕਰਦੇ ਰਹੇ, ਇਕ ਦਿਨ ਵਿਚਾਰ ਆਇਆ ਕਿ ਕਿਉਂ ਨ ਇਸ ਧਰਮ ਦਾ ਬਾਨੀ ਦਾ ਹੀ ਕੰਮ ਮੁਕਾ ਦਿਤੱ ਜਾਏ, ਸੋ, ਉਹ ਤਲਵਾਰ ਲੈਕੇ ਘਰੋਂ ਨਿਕਲੇ । ਰਸਤੇ ਵਿੱਚ ਕਿਸੇ ਵਿਅਕਤੀ ਨੇ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਆਨਣੀ ਭੈਣ ਤੇ ਭਣਵਈਏ ਦੇ ਇਸਲਾਮ ਕੁਬੂਲ ਕਰ ਲੈਂਣ ਬਾਰੇ ਦੱਸਿਆ ਤਾਂ ਆਪ ਆਪਣੀ ਭੈਣ ਦੇ ਘਰ ਪਹੁੰਚੇ ਜਿੱਥੇ ਇਕ ਸਹਾਬੀ ਦੇ ਕੁਰਆਨ ਪੜ੍ਹਨ ਦੀ ਆਵਾਜ਼ ਸੁਣਾਈ ਦਿੱਤੀ । ਦੇਰ ਨਾਲ ਦਰਵਾਜ਼ਾ ਖੋਲਣ ਕਰਕੇ ਹਜ਼ਰਤ ਉਮਰ ਦਾ ਹੋਰ ਵੀ ਗੁਸੱਾ ਵੱਧ ਗਿਆ ਅਤੇ ਉਹਨਾ ਨੇ ਝੱਟ ਆਪਣੇ ਭਣਵਈਏ ਤੋਂ ਇਸਲਾਮ ਕੁਬੂਲ ਕਰਨ ਬਾਰੇ ਪੁੱਛਿਆ । ਭਣਵਈਏ ਨੇ ਪਰਦਾ ਪਾਉਂਣਾ ਚਾਹਿਆ ਤਾਂ ਹਰਜ਼ਰਤ ਉਮਰ ਮਾਰਨ ਨੂੰ ਅੱਗੇ ਵਧੇ, ਪਰ ਆਪ ਦੀ ਭੈਣ ਵਿੱਚ ਆ ਗਈ, ਹਜ਼ਰਤ ਉਮਰ ਦਾ ਹੱਥ ਉਹਨਾ ਦੀ ਨੱਕ'ਤੇ ਵੱਜਿਆ ਅਤੇ ਲਹੂ ਵਗੱਣ ਲਗੱਾ । ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਜਜ਼ਬਾਤੀ ਵਿਅਕਤੀ ਸਨ, ਸੋ, ਇਹ ਦੇਖਦਿਆਂ ਹੀ ਉਹਨਾ ਦੇ ਅੰਦਰ ਨਰਮੀ ਦੀ ਭਾਵਨਵਾਂ ਪੈਦਾ ਹੋ ਗਈਆਂ ਅਤੇ ਉਹਨਾ ਨੇ ਕੁਰਆਨ ਕਰੀਮ ਦੇ ਪੰਨ੍ਹੇ ਦਿਖਾਉਣ ਲਈ ਅਰਜ਼ ਕੀਤੀ । ਆਪ ਦੀ ਭੈਣ ਨੇ ਪਹਿਲਾਂ ਇਸ਼ਨਾਨ ਕਰਨ ਲਈ ਕਿਹਾ, ਇਸ'ਤੇ ਆਪਣੀ ਭੈਣ ਦੇ ਆਖਣ'ਤੇ ਆਪਨੇ ਇਸ਼ਨਾਨ ਕੀਤਾ ਅਤੇ ਇਸ਼ਨਾਲ ਮਗਰੋ ਜੱਦ ਆਪ ਨੇ ਕੁਰਆਨ ਕਰੀਮ ਦੀਆ ਆਇਤਾਂ ਪੜ੍ਹੀਆਂ ਤਾਂ ਕਿਉਂਕਿ ਇਹਨਾ ਵਿੱਚ ਇਕ ਨਰਮੀ ਪੈਦਾ ਹੋ ਚੁਕੀ ਸੀ ਇਸ ਲਈ ਉਹ ਆਇਤ ਮੁਕਾਉਂਦਿਆਂ ਹੀ ਆਪਨੇ ਕਲਿਮਾ ਸ਼ਹਾਦਤ ਪੜ੍ਹ ਲਿਆ । ਇਸ ਦੇ ਬਾਦ ਆਪ ਆਪਣੀ ਨੰਗੀ ਤਲਵਾਰ ਲੈਕੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੀ ਸੇਵਾ ਵਿੱਚ ਦਾਰੇ ਅਰਕਮ ਵਿੱਚ ਹਾਜ਼ਰ ਹੋ ਗਏ । ਹਜ਼ਰਤ ਉਮਰ ਨੂੰ ਇਉਂ ਨੰਗੀ ਤਲਵਾਰ ਲਈ ਦਰਵਾਜ਼ੇ ਦੇ ਬਾਹਰ ਖੜੇ

ਦੇਖਕੇ ਸਹਾਬਾ ਨੂੰ ਸੰਦੇਹ ਹੋਇਆ, ਹਜ਼ਰਤ ਹਮਾਜ਼ਾ ਰਜ਼ੀ ਅਲੱਹੁ ਅਨਹੁ ਨੇ ਕਿਹਾ ਕਿ ਦਰਵਾਜ਼ਾ ਖੋਲ ਦਿਓ ਮੈਂ ਦੇਖ ਲਵਾਂਗਾ ਕਿ ਉਹ ਕੀ ਕਰਦਾ ਹੈ । ਜੱਦ ਦਰਵਾਜ਼ਾ ਖੋਲਿਆ ਤਾਂ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਅੱਗੇ ਵਧੇ ਅਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਪੁਛੱਣ'ਤੇ ਅਰਜ ਕੀਤੀ ਕਿ ਮੈਂ ਆਪਦਾ ਗ਼ੁਲਾਮ ਬਣਨ ਲਈ ਹਾਜ਼ਰ ਹੋਇਆ ਹਾਂ । ਉਹ ਉਮਰ ਜੋ ਇਕ ਘੰਟਾ ਪਹਿਲਾਂ ਇਸਲਾਮ ਦਾ ਸਖ਼ਤ ਦੁਸ਼ਮਣ ਸੀ ਅਤੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੂੰ ਮਾਰਨ ਲਈ ਘਰੋ ਨਿਕਲਿਆ ਸੀ ਇਸ ਪਲ ਵਿੱਚ ਅਤਿ ਉਤੱਮ ਦਰਗੇ ਦਾ ਮੋਮਿਨ ਬਣ ਗਿਆ ।

ਆਰੰਭਕ ਕਾਲ ਵਿੱਚ ਇਸਲਾਮ ਵਿੱਚ ਕੇਵਲ ਦੋ ਵਿਅਕਤੀ ਮੁਸਲਮਾਨਾਂ ਵਿੱਚੋਂ ਬਹਾਦੁਰ ਸਮਝੇ ਜਾਂਦੇ ਸਨ ਇਕ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਅਤੇ ਦੂਜੇ ਹਜ਼ਰਤ ਅਮੀਰ ਹਮਜ਼ਾ ਰਜ਼ੀ ਅਲੱਹੁ ਅਨਹੁ ਜੱਦ ਇਹ ਦੋਵੇਂ ਮੁਸਲਮਾਨ ਹਏ ਤਾਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਇਹਨਾ ਦੀ ਬਿਨਤੀ'ਤੇ ਖ਼ਾਨਾ ਕਾਬਾ ਵਿੱਚ ਖੁੱਲੇ ਤੋਰ'ਤੇ ਨਮਾਜ਼ ਪੜ੍ਹੀ ।

ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਨੇ ਇਸਲਾਮ ਕੁਬੂਲ ਕਰਨ ਦੀ ਖ਼ਬਰ ਫ਼ੈਲਦਿਆਂ ਹੀ ਇਨਕਾਰੀਆਂ ਨੇ ਆਪ ਦੇ ਘਰ ਦਾ ਘਿਰਾਓ ਕਰ ਲਿਆ । ਅਜਿਹੇ ਸਮੇਂ ਮੱਕੇ ਦੀ ਵੱਡੇ ਰਈਸ ਆਸ ਬਿਨ ਵਾਇਲ ਨੇ ਉਮਰ ਰਜ਼ੀ ਅਲੱਹੁ ਅਨਹੁ ਨੂੰ ਪਨਾਹ ਦੇਣ ਦਾ ਐਲਾਨ ਕੀਤਾ । ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਕੁਝ ਦਿਨ ਤਾਂ ਅਮਨ ਵਿੱਚ ਰਹੇ ਪਰ ਇਸ ਹਾਲਤ ਨੂੰ ਆਪ ਦੀ ਧਾਰਮਕ ਗ਼ੈਰਤ ਨੇ ਸਹਿਨ ਨ ਕੀਤਾ ਅਤੇ ਆਪ ਆਸ ਬਿਨ ਵਾਇਲ ਦੀ ਪਨਾਹ'ਚੋਂ ਨਿਕਲ ਆਏ । ਆਪ ਰਜ਼ੀ ਅਲੱਹੁ ਅਨਹੁ ਫ਼ਰਮਾਉਂਦੇ ਹਨ ਕਿ ਇਸ ਦੇ ਬਾਦ ਮੈਂ ਮੱਕੇ ਦੀਆਂ ਗਲੀਆਂ ਵਿੱਚ ਕੁਟੱਮਾਰ ਖਾਂਦਾ ਤੇ ਕੁਟੱਦਾ ਮਾਰਦਾ ਹੀ ਰਹਿੰਦਾ ਸੀ । ਹਜ਼ਰਤ ਸਯੱਦ ਜ਼ੈਨੁਲ ਆਬਿਦੀਨ ਵਲੀ ਉਲੱਾਹ ਸ਼ਾਹ ਸਾਹਬ ਲਿਖੱਦੇ ਹਨ ਕਿ ਆਸ ਬਿਨ ਵਾਇਲ ਦਾ ਕਬੀਲਾਬਨੂ ਸਹਮ ਅਤੇ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਦਾ ਖ਼ਾਨਦਾਨ ਬਨੂ ਅਦੀ ਇਕ ਦੂਜੇ ਦੇ ਮਿਤੱਰ ਸਨ । ਇਸ ਸੰਦੀ ਤੇ ਮਿਤੱਰਤਾ ਦੇ ਸਬਬ ਆਸ ਬਿਨ ਵਾਇਲ ਨੇ ਆਪ ਆਚਰਣਕ ਕਰਤਵ ਸਮਝਿਆ ਕਿ ਉਹ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਦੀ ਮਦਦ ਕਰੇ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਹੁ ਅਨਹੁ ਫ਼ਰਮਾਉਂਦੇ ਹਨ ਕਿ ਦੇਖੋ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਕਿੰਨ੍ਹੇ ਕਿੰਨ੍ਹੇ ਕਟੱੜ ਦੁਸ਼ਮਣ ਸਨ ਪਰ ਫਿਰ ਉਹਨਾ ਵਿੱਚ ਕਿਹੋ ਜਿਹਾ ਪਰਿਵਰਤਨ ਹੋਇਆ । ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਜੋ ਇਸਲਾਮ ਦੇ ਵਿਰੁਧ ਡਾਂਗ ਲਈ ਫਿਰਦੇ ਸਨ ਜੱਦ ਉਹਨਾ ਨੂੰ ਇਸਲਾਮ ਲਿਆਉਂਣਾ ਨਸੀਬ ਹੋਇਆ ਤਾਂ ਦਿਨ ਰਾਤ ਆਪਣੀ ਜਾਨ ਜੋਖ਼ਮ ਵਿੱਚ ਪਾਉਂਣ ਲੱਗ ਗਏ ।

ਹਜਰਤ ਮਸੀਹ ਮੌਊਦ ਅਲੈਹਿ ਸਲਾਮ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਦੇ ਇਸਲਾਮ ਕੁਬੂਲ ਕਰਨ ਦੀ ਘਟਨਾ ਬਿਆਨ ਕਰਦਿਆਂ ਹੋਇਆਂ ਅਬੂ ਜਿਹਲ ਵੱਲੋਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਕਤਲ'ਤੇ ਪੁਰੁਸਕਾਰ ਦਿੱਤੇ ਜਾਣ ਦੇ ਐਲਾਨ ਅਤੇ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਦਾ ਰਾਤ ਸਮੇਂ ਖ਼ਾਨਾ ਕਾਬਾ ਵਿੱਚ ਆਂਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੂੰ ਦੁਆਵਾਂ ਕਰਦਿਆਂ ਹੋਇਆਂ ਸੁਣਨ ਦਾ ਵਿਸਥਾਰ ਵਰਣਨ ਕਰਨ ਦੇ ਬਾਦ ਫ਼ਰਮਾਉਂਦੇ ਹਨ ਕਿ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਆਪ ਫ਼ਰਮਾਉਂਦੇ ਹਨ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਸਜੱਦੇ ਵਿੱਚ ਐਨ੍ਹੀਆਂ ਰੋ ਰੋ ਕੇ ਦੁਆਵਾਂ ਕੀਤੀਆਂ ਕਿ ਮੇਰੇ'ਤੇ ਕਾਂਬਾ ਛਿੜਨ ਲਗੱਾ । ਇਹਨਾ ਦੁਆਵਾਂ ਨੂੰ ਸੁਣਕੇ ਮੰਨ ਖੇਰੂੰ ਖੇਰੂੰ ਹੁੰਦਾ ਸੀ । ਅਖ਼ੀਰ ਸਚੱਾਈ ਦੇ ਖ਼ੌਫ਼ ਕਰਕੇ ਮੇਰੇ ਹੱਥੋਂ ਤਲਵਾਰ ਡਿੱਗ ਗਈ ਅਤੇ ਮੈਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀ ਇਸ ਅਵਸਥਾ ਤੋਂ ਸਮਝ ਲਿਆ ਕਿ ਇਹ ਸਚੱਾ ਹੈ ਅਤੇ ਅਵਸ਼ ਸਫ਼ਲ ਹੋ ਜਾਏਗਾ । ਇਕ ਦੂਜੀ ਥਾਂ'ਤੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਅਖ਼ੀਰ ਹਜ਼ਰਤ ਉਮਰ ਮੁਸਲਮਾਨ ਹੋਏ ਅਤੇ ਫਿਰ ਉਹ ਮਿਤੱਰਤਾਵਾਂ ਤੇ ਉਹ ਸੰਬੰਧ ਜੋ ਅਬੂ ਜਹਲ ਤੇ ਹੋਰਨਾ ਵਿਰੋਧੀਆਂ ਨਾਲ ਸਨ ਇਕ ਵਾਰ'ਚ ਟੁੱਟ ਗਏ ਅਤੇ ਇਹਨਾ ਦੀ ਥਾਂ ਇਕ ਨਵੀਂ ਮਿਤੱਰਤਾ

ਤੇ ਭਾਈਚਾਰਾ ਕਾਇਮ ਹੋਇਆ । ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਅਤੇ ਦੂਜੇ ਸਹਾਬਾ ਮਿਲੇ ਅਤੇ ਫਿਰ ਉਹਨਾ ਸੰਬੰਧਾ ਵੱਲ ਕਦੇ ਵੀ ਵਿਚਾਰ ਨ ਆਇਆ ।

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਇਸਲਾਮ ਕੁਬੂਲ ਕਰਨ ਬਾਰੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਤਿੰਨ ਵੱਖ ਵੱਖ ਹਵਾਲੇ (ਸੰਦਰਭ) ਪੇਸ਼ ਕਰਨ ਦੇ ਬਾਦਹਜ਼ੂਰ ਅ0ਨਵਰ ਨੇ ਫ਼ਰਮਾਇਆ ਕਿ ਇਹਨਾ ਤਿੰਨੇ ਥਾਵਾਂ'ਤੇ ਰਾਤ ਨੂੰ ਖ਼ਾਨਾ ਕਾਬਾ'ਚ ਹਮਲਾ ਕਰਨ ਦਾ ਜ਼ਿਕਰ ਹੈ । ਸੰਭਵਤਾ ਇਸ ਦੇ ਬਾਦ ਫ਼ਿਰ ਆਪਣੇ ਨਫ਼ਸ ਹੱਥੀ ਮਜਬੂਰ ਹੋਕ ਦਿਨ ਸਮੇਂ ਵੀ ਹਮਲੇ ਲਈ ਨਿਕਲੇ ਹੋਣ ਅਤੇ ਫਿਰ ਉਹ ਭੈਣ ਭਰਾ ਵਾਲੀ ਘਟਨਾ ਵਾਪਰੀ ਹੋਵੇ ।

ਹਜ਼ਰਤ ਇਬੇ ਉਮਰ ਰਜ਼ੀ ਅਲੱਾਹੁ ਅਨਹੁ ਬਿਆਨ ਕਰਦੇ ਹਨ ਕਿ ਜੱਦ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਇਸਲਾਮ ਕੁਬੂਲ ਕੀਤਾ ਤਾਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਇਹ ਦੁਆ ਕਰਦਿਆਂ ਹੋਇਆਂ ਤਿੰਨ ਵਾਰ ਆਪਦੀ ਹਿੱਕ'ਤੇ ਹੱਥ ਫੇਰਿਆ ਕਿ ਹੇ ਅਲੱਾਹ ! ਇਸ ਦੀ ਹਿੱਕ ਵਿੱਚ ਜੋ ਕੁਝ ਕੀਨਾ ਹੈ ਇਸ ਨੂੰ ਦੂਰ ਕਰ ਦੇ ਅਤੇ ਇਸਨੂੰ ਇਕਾਨ ਨਾਲ ਬਦਲ ਦੇ ।

ਇਕ ਵਾਰ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੂੰ ਪੁੱਛਿਆ ਕਿ ਆਪ ਮੈਂਨੂੰ ਹਰ ਚੀਜ਼ ਤੋਂ ਵੱਧ ਪਿਆਰੇ ਹਨ ਸਿਵਾਏ ਮੇਰੇ ਨਫ਼ਸ ਦੇ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ : ਤੁਹਾਡਾ ਇਮਾਨ ਉਸ ਸਮੇਂ ਤੱਕ ਸੰਪੂਰਨ ਨਹੀਂ ਹੋ ਸਕਦਾ ਜੱਦ ਤੱਕ ਮੈਂ ਤੁਹਾਡੇ ਨਫ਼ਸ ਤੋਂ ਵੱਧ ਤੁਹਾਨੂੰ ਪਿਆਰਾ ਨਹੀਂ ਹੋ ਜਾਵਾਂ । ਹਜ਼ਰਤ ਉਮਰ ਨੇ ਅਰਜ਼ ਕੀਤੀ ਕਿ ਹੁਣ ਰੱਬ ਦੀ ਸਹੁੰ ਆਪ ਸਲਲੱਾਹੁ ਅਲੈਹਿ ਵਸਲੱਮ ਮੈਨੂੰ ਸਗ ਤੋਂ ਵੱਧ ਪਿਆਰੇ ਹਨ ਹਨ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਹੁਣ ਠੀਕ ਹੈ ।

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੀ ਮਦੀਨਿ ਹਿਜਰਤ ਬਾਰੇ ਹਜ਼ਰਤ ਅਲੀ ਰਜ਼ੀ ਅਲੱਾਹੁ ਅਨਹੁ ਦੀ ਇਹ ਰਿਵਾਇਤ ਮਿਲਦੀ ਹੈ ਕਿ ਜੱਦ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਹਿਜਰਤ ਦਾ ਇਰਾਦਾ ਕੀਤਾ ਤਾਂ ਤਲਵਾਰ ਤੇ ਤੀਰ ਕਮਾਨ ਲੈਕੇ ਖ਼ਨਾ ਕਾਬਾ ਵਿੱਚ ਗਏ ਅਤੇ ਐਲਾਨ ਕੀਤਾ ਕਿ ਜੋ ਚਾਹੁੰਦਾ ਹੈ ਕਿ ਉਸਦੀ ਮਾਂ ਉਸਨੂ ਗੁਆ ਦੇਵੇ, ਸੰਤਾਨ ਯਤੀਮ ਤੇ ਪਤਨੀ ਵਿਧਵਾ ਹੋਵੇ ਉਹ ਮੈਂਨੂੰ ਇਸ ਵਾਦੀ ਦੇ ਪਾਰ ਮਿਲੇ ।

ਇਸ ਪ੍ਰਕਾਰ ਖੁਲ੍ਹੱਕੇ ਹਿਜਰਤ ਬਾਰੇ ਕੇਵਲ ਇਹੋ ਰਿਵਾਇਤ ਮਿਲਦੀ ਹੈ ਅਤੇ ਬਹੁਤ ਚਰਿਤ੍ਰ ਰਚੈਤਾ ਇਸ ਤੋਂ ਵਖੱਰੀ ਰਾਏ ਰਖੱਦੇ ਹਨ । ਉਧਾਰਣ ਲਈ ਮੁਹਮੱਦ ਹੁਸੈਨ ਹੀਕਲ ਨੇ ਬਹਿਸ ਚੁੱਕੀ ਹੈ ਕਿ ਆਂਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੇ ਖ਼ਮੋਸ਼ੀ ਨਾਲ ਅਤੇ ਚੁੱਕ ਜੁਪੀਤਿਆਂ ਹਿਜਰਤ ਕਰਨ ਦਾ ਹੁਕੁਮ ਦਿਤੱਾ ਸੀ, ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਕਿਵੇਂ ਇਸਦੀ ਅਵਗਿਆ ਕਰ ਸਕਦੇ ਸਨ ।

ਮੁਹਾਜਰਾਂ ਵਿੱਚੋਂ ਹਜ਼ਰਤ ਮਸਾਅਬ ਬਿਨ ਉਮੈਰ ਰਜ਼ੀ ਅਲੱਾਹੁ ਅਨਹੁ ਅਤੇ ਹਜ਼ਰਤ ਇਬਨੇ ਉਮੇ ਮਕਤੂਮ ਰਜ਼ੀ ਅਲੱਾਹੁ ਅਨਹੁ ਦੇ ਬਾਦ ਹਜ਼ਰਤ ਉਮਰ ਵੀਹ ਵਿਅਕਤੀਆਂ ਨਾਲ ਮਦੀਨਿ ਪਹੁੰਚੇ ਸਨ । ਕਬਾ ਵਿੱਚ ਆਪ ਰਫ਼ਾ ਬਿਨ ਅਬਦੁਲ ਮੁੰਜ਼ਰ ਦੇ ਮਹਿਮਾਨ ਹੋਏ । ਮੱਕੇ ਵਿੱਚ ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਆਪ ਦੀ ਭਾਈਬੰਦੀ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨਾਲ ਅਤੇ ਮਦੀਨਿ ਪਹੁੰਚ ਕੇ ਹਜ਼ਰਤ ਅਵੀਮ ਬਿਨ ਸਅਦਾ ਨਾਲ ਕਰਾਈ । ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਰਜ਼ੀ ਅਲੱਾਹੁ ਅਨਹੁ ਨੇ ਲਿੱਖਿਆ ਹੈ ਕਿ ਆਪ ਰਜ਼ੀ ਅਲੱਾਹੁ ਅਨਹੁ ਦੀ ਭਾਈਬੰਦੀ ਹਜ਼ਰਤ ਅਤਬਾਨ ਬਿਨ ਮਾਲਕ ਰਜ਼ੀ ਅਲੱਾਹੁ ਅਨਹੁ ਨਾਲ ਹੋਈ ਸੀ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਅਜ਼ਾਨ ਦੇ ਅਰੰਭ ਹੋਣ ਦਾ ਜ਼ਿਕਰ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਹਜ਼ਰਤ ਅਬਦੁਲੱਾਹ ਬਿਨ ਜ਼ੈਦ ਰਜ਼ੀ ਅਲੱਾਹੁ ਅਨਹੁ ਨੂੰ ਰੱਬ ਨੇ ਸੁਪਨੇ ਵਿੱਚ ਅਜ਼ਾਨ ਸਿਖਾਈ ਅਤੇ ਇਹਨਾ ਦੇ ਹੀ ਸੁਪਨੇ'ਤੇ ਅਧਾਰ ਰੱਖਦਿਆਂ ਹੋਇਆਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਮੁਸਲਮਾਨ ਵਿੱਚ ਅਜ਼ਾਨ ਦੇਣ ਦੀ

ਰੀਤ ਪਾਈ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਮੈਂਨੂੰ ਵੀ ਰੱਬ ਨੇ ਇਹੋ ਅਜ਼ਾਨ ਸਿਖਾਈ ਸੀ ਪਰ ਇਸ ਵਿਚਾਰ ਨਾਲ ਕਿ ਇਕ ਹੋਰ ਵਿਅਕਤੀ ਇਹ ਗੱਲ ਬਿਆਨ ਕਰ ਚੁਕਿਆ ਹੈ ਮੈਂ ਵੀਹ ਦਿਨਾਂ ਤੱਕ ਚੁੱਪ ਰਿਹਾ ।

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਜ਼ਿਕਰ ਦਾ ਜਾਰੀ ਰਹਿਣ ਬਾਰੇ ਦਸੱਕੇ ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਅੱਜ ਰਮਜ਼ਾਨ ਦਾ ਅਖ਼ੀਰਲਾ ਜੁਮਆ ਹੈ । ਰਮਜ਼ਾਨ ਵਿੱਚ ਜਿੰਨ੍ਹਾ ਨੇਕੀਆਂ ਦਾ ਨੰਜੋਗ ਪ੍ਰਾਪਤ ਹੋਇਆ ਹੈ ਇਹਨਾ ਨੂੰ ਰਮਜ਼ਾਨ ਦੇ ਬਾਦ ਵੀ ਜਾਰੀ ਰਖੱਣ ਦਾ ਜਤਨ ਕਰਨਾ ਚਾਹੀਦਾ ਹੈ । ਬੀਤੇ ਜੁਮਏ ਵਿੱਚ ਮੈਂ ਦੁਰੂਦ ਤੇ ਇਸਤਗ਼ਫ਼ਾਰ ਵੱਲ ਧਿਆਨ ਦੁਆਇਆ ਸੀ ਉਹ ਕੇਵਲ ਰਮਜ਼ਾਨ ਤੱਕ ਹੀ ਸੀਮਤ ਨ ਰਹੇ । ਵਰਤਮਾਨ ਸਮੇਂ ਜੱਦ ਦਜੱਾਲੀ ਚਾਲਾਂ ਨਵੇਂ ਨਵੇਂ ਹੱਥਕੰਡੇ ਵਰਤ ਰਹੀਆਂ ਹਨ ਤਾਂ ਸਾਨੂੰ ਇਹਨ ਸ਼ੈਤਾਨੀ ਤੇ ਦਜੱਾਲੀ ਹਮਲਿਆਂ ਤੋਂ ਬਚਣ ਲਈ ਅਤੇ ਆਪਣੇ ਬੱਚਿਆਂ ਨੂੰ ਬਚਾਉਣ ਲਈ, ਇਹਨਾਂ ਨੂੰ ਰੱਬ ਦੇ ਵੁਜੂਦ ਅਤੇ ਇਸਲਾਮ ਦੀ ਸੁੰਦਰ ਸੀਖ ਸਿੱਖਿਆ ਤੋਂ ਜਾਣੂ ਕਰਾਉਂਣਾ ਅਤਿ ਜ਼ਰੂਰੀ ਹੈ । ਇਹ ਉਸ ਸਮੇਂ ਹੀ ਸੰਭਵ ਹੋਵੇਗਾ ਜੱਦ ਸਾਡਾ ਸੰਬੰਧ ਰੱਬ ਨਾਲ ਮਜ਼ਬੂਤ ਹੋਵੇਗਾ । ਸਾਡੀਆਂ ਨਮਾਜ਼ਾਂ, ਸਾਡੀਆਂ ਇਬਾਦਤਾਂ ਮਿਆਰੀ ਹੋਣਗੀਆਂ । ਬਜ਼ੁਰਗਾਂ ਤੇ ਅਰੰਭਕ ਅਹਮਦੀਆਂ ਦੀਆਂ ਸੰਤਾਨਾ ਹੋਣਣ ਭਾਵੇਂ ਉਹ ਜਿੰਨ੍ਹਾ ਨੇ ਆਪ ਬੈਅਤ ਕੀਤੀ ਹੋਵੇ ਸਾਰਿਆਂ ਨੂੰ ਚੇਤੇ ਰਖੱਣਾ ਚਾਹੀਦਾ ਹੈ ਕਿ ਅਸੀਂ ਧਰਮ ਨੂੰ ਦੁਨੀਆ'ਤੇ ਪਹਿਲ ਦਿੰਦਿਆਂ ਹੋਇਆਂ ਆਪਣੀਆਂ ਹਾਲਤਾਂ'ਤੇ ਦ੍ਰਿਸ਼ਟੀ ਰਖੱਾਂਗੇ ਤਾਂ ਹੀ ਅਸੀਂ ਆਪਣੇ ਆਪ ਨੂੰ ਅਤੇ ਆਪਣੀਆਂ ਨਸਲਾਂ ਨੂੰ ਬਚਾ ਸਕਦੇ ਹਾਂ ।

ਕੋਰੋਨਾ ਦੀ ਵਬਾ ਜੋ ਦੁਨੀਆਂ ਵਿੱਚ ਫ਼ੈਲੀ ਹੋਈ ਹੈ ਇਸ ਤੋਂ ਬਚਣ ਲਈ ਅਤੇ ਰੱਬ ਦਾ ਰਹਿਮ ਹਾਸਲ ਕਰਨ ਲਈ ਵੀ ਵਿਸ਼ੇਸ਼ ਰੂਪ ਵਿੱਚ ਦੁਆਵਾਂ ਕਰੋ । ਇਸ ਪ੍ਰਕਾਰ ਜਿੰਨ੍ਹਾ ਦੇਸ਼ਾਂ ਵਿੱਚ ਅਹਮਦੀਅਤ ਦੀ ਵਿਰੋਧਤਾ ਬਹੁਤ ਜ਼ੋਰਾਂ'ਤੇ ਹੈ ਉਹਨਾਂ ਲਈ ਵੀ ਬਹੁਤ ਦੁਆ ਕਰੋ । ਪਾਕਿਸਤਾਨ ਦੇ ਅਮਹਦੀਆਂ ਨੂੰ ਤਾਂ ਵਿਸ਼ੇਸ਼ ਰੂਪ ਵਿੱਚ ਸਦਕਾ ਖ਼ੈਰਾਤ (ਦਾਨ ਦੱਖਿਣਾ) ਅਤੇ ਦੁਅਵਾਂ'ਤੇ ਬਹੁਤ ਧਿਆਨ ਦੇਣਾ ਚਾਹੀਦਾ ਹੈ ।

رَبِّ كُلُّ شَيْءٍ خَادِمُكَ رَبِّ فَاحْفَظْنِيْ وَانْصُرْنِيْ وَارْحَمْنِيْ اور اَللّٰهُمَّ اِنَّا نَجْعَلُكَ فِيْ نُحُوْرِهِمْ وَنَعُوْذُبِكَ مِنْ شُرُوْرِهِمْ -

ਇਹ ਦੁਆਆਵਾਂ ਬਹਤ ਅਧਿਕ ਪੜ੍ਹਨ । ਨਮਾਜ਼ਾਂ ਦੀ ਜਿਵੇਂ ਰਮਜ਼ਾਨ ਵਿਵਸਥਾ ਹੁੰਦੀ ਹੈ ਉਹ ਰਮਜ਼ਾਨ ਦੇ ਬਾਦ ਵੀ ਜਾਰੀ ਰਹਿਣੀ ਚਾਹੀਦੀ ਹੈ । ਹਰ ਪ੍ਰਕਾਰ ਦੇ ਫ਼ਿਤਨਿਆਂ ਫ਼ਸਾਦਾਂ ਤੋਂ ਬਚਣ ਲਈ, ਮੁਸਲਿਮ ਉਮੱਤ ਲਈ ਅਤੇ ਸਾਮੂਹਿਕ ਰੂਪ ਵਿੱਚ ਸੰਪੂਰਨ ਮਨੁਖੱਤਾ ਲਈ ਵੀ ਦੁਆਵਾਂ ਕਰੋ । ਅਲੱਾਹ ਤਆਲਾ ਸਾਰਿਆਂ ਨੂੰ ਇਸਦਾ ਸੰਜੋਗ ਪ੍ਰਦਾਨ ਕਰੇ ।

لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّاٰتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا
هَادِيَ لَهٗ وَنَشْهَدُ أَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ. عِبَادَ اللّٰه رحمكم الله اِنَّ اللّٰهَ يَأْمُرُ بِالْعَدْلِ وَالْاِحْسَانِ وَاِيْتَآءِ ذِي الْقُرْبٰى وَيَنْهٰى عَنِ
الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ۔

**Khulasa Khutba Jumma 07.05.2021**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131